ਨੰ:7/19/2018-4ਐਫ.ਪੀ.1/71

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-1 ਸ਼ਾਖਾ)

ਮਿਤੀ,ਚੰਡੀਗੜ੍ਹ:20 ਅਪ੍ਰੈਲ, 2022

ਸੇਵਾ ਵਿਖੇ,

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ,
ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਸਬ ਡਵੀਜਨਲ ਮਜਿਸਟ੍ਰੇਟ।

ਵਿਸ਼ਾ:- **ਆਉਟਸੋਰਸ ਤੇ ਕੰਮ ਕਰਦੇ ਵਿਅਕਤੀਆਂ ਦੀਆਂ ਸੇਵਾਵਾਂ ਨੂੰ ਸਾਲ 2022 - 2023 ਦੌਰਾਨ ਚਾਲੂ ਰੱਖਣ ਬਾਰੇ।**

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਵਿੱਤ ਵਿਭਾਗ, ਪੰਜਾਬ ਦੀਆਂ ਹਦਾਇਤਾਂ ਪੱਤਰ ਨੰ: 7/19/2018-4ਐਫ.ਪੀ.1/581-591 ਮਿਤੀ 25.05.2021 ਵੱਲ ਦਿਵਾਉਂਦੇ ਹੋਏ ਇਹਨਾਂ ਹਦਾਇਤਾਂ ਦੀ ਲਗਾਤਾਰਤਾ ਵਿੱਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਰਾਜ ਦੇ ਵੱਖ-ਵੱਖ ਵਿਭਾਗਾਂ ਵਿੱਚ ਤੈਨਾਤ ਆਉਟਸੋਰਸ ਤੇ ਕੰਮ ਕਰਦੇ ਵਿਅਕਤੀ, ਜੋ ਵੱਖ-ਵੱਖ ਏਜੰਸੀਆਂ ਰਾਹੀਂ ਤੈਨਾਤ ਹਨ ਅਤੇ ਜੇਕਰ ਪ੍ਰਬੰਧਕੀ ਵਿਭਾਗਾਂ ਨੂੰ ਅਗਲੇ ਵਿੱਤੀ ਵਰ੍ਹੇ ਵਿੱਚ ਉਹਨਾਂ ਦੀ ਜਰੂਰਤ ਹੈ, ਤਾਂ ਹੀ ਆਉਟਸੋਰਸ ਤੇ ਕੰਮ ਕਰਦੇ ਉਹਨਾਂ ਵਿਅਕਤੀਆਂ ਦੀਆਂ ਸੇਵਾਵਾਂ ਮਿਤੀ 31.03.2023 ਤੱਕ ਚਾਲੂ ਰੱਖਣ ਦੀ ਸਹਿਮਤੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਵਿਭਾਗਾਂ ਦੀ ਰੀਸਟ੍ਰਕਚਰਿੰਗ ਹੋਣ ਉਪਰੰਤ ਜੇਕਰ ਅਸਾਮੀਆਂ ਵਧਾਈਆਂ/ਘਟਾਈਆਂ ਗਈਆਂ ਹਨ ਤਾਂ ਉਹਨਾਂ ਅਸਾਮੀਆਂ ਵਿਰੁਧ ਆਉਟਸੋਰਸ ਰਾਹੀਂ ਰੱਖੀ ਜਾਣ ਵਾਲੀ ਮੈਨਪਾਵਰ ਦੀ ਗਿਣਤੀ ਸਹੀ ਹੋਣ/ਵੈਰੀਫਾਈ ਕਰਨ ਦੀ ਜਿੰਮੇਵਾਰੀ ਪ੍ਰਬੰਧਕੀ ਵਿਭਾਗ ਦੀ ਹੋਵੇਗੀ।

2. ਇਹ ਹਦਾਇਤਾਂ ਕੇਵਲ ਉਹਨਾਂ ਅਸਾਮੀਆਂ ਤੇ ਹੀ ਲਾਗੂ ਹੋਣਗੀਆਂ, ਜਿਹਨਾਂ ਨੂੰ ਪਹਿਲਾਂ ਸਾਲ 2021-2022 ਦੌਰਾਨ ਚਾਲੂ ਰੱਖਣ ਦੀ ਵਿੱਤ ਵਿਭਾਗ ਦੀ ਪੂਰਵ ਪ੍ਰਵਾਨਗੀ ਹਾਸਿਲ ਹੈ ਅਤੇ ਪ੍ਰਬੰਧਕੀ ਵਿਭਾਗ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਅੰ.ਵਿ.ਪੱ.ਨੰ. 11/08/2021-4ਪੀ.ਪੀ3/1219 ਮਿਤੀ 09.11.2021 ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਏਗਾ।

(ਜਸਵਿੰਦਰ ਸਿੰਘ)

ਅਧੀਨ ਸਕੱਤਰ, ਵਿੱਤ

ਪਿੱਠ ਅੰਕਣ ਨੰ:7/19/2018-4ਐਫ.ਪੀ.1/72-73 ਮਿਤੀ,ਚੰਡੀਗੜ੍ਹ: 20,04,2022

(1) ਪ੍ਰਮੁੱਖ ਮਹਾਂਲੇਖਾਕਾਰ (ਆਡਿਟ) ਪੰਜਾਬ, ਚੰਡੀਗੜ੍ਹ।

(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।

ਹਰਿੰਦਰ ਕੌਰ

ਸੁਪਰਡੰਟ

ਚਲਦਾ.........

ਪਿੱਠ ਅੰਕਣ ਨੰ:7/19/2018-4ਐਫ.ਪੀ.1/ 74-76 ਮਿਤੀ,ਚੰਡੀਗੜ੍ਹ: ੨0-04-੨0੨੧

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

(1) ਵਧੀਕ ਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ।

(2) ਸਕੱਤਰ/ਵਿੱਤ ਮੰਤਰੀ, ਪੰਜਾਬ, ਚੰਡੀਗੜ੍ਹ।

(3) ਸਕੱਤਰ/ਮੁੱਖ ਸਕੱਤਰ, ਪੰਜਾਬ, ਚੰਡੀਗੜ੍ਹ।

ਨਰਿੰਦਰ ਕੌਰ
ਸੁਪਰਡੰਟ

ਪਿੱਠ ਅੰਕਣ ਨੰ:7/19/2018-4ਐਫ.ਪੀ.1/ 77 ਮਿਤੀ,ਚੰਡੀਗੜ੍ਹ: ੨0-04-੨0੨੧

ਇਸ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀ-3 ਸ਼ਾਖਾ) ਨੂੰ ਸੂਚਨਾਂ/ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨਰਿੰਦਰ ਕੌਰ
ਸੁਪਰਡੰਟ

ਪਿੱਠ ਅੰਕਣ ਨੰ:7/19/2018-4ਐਫ.ਪੀ.1/ 78 ਮਿਤੀ,ਚੰਡੀਗੜ੍ਹ: ੨0-04-੨0੨੧

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਜਿਲ੍ਹਾ ਖਜ਼ਾਨਾ ਅਫਸਰਾਂ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨਰਿੰਦਰ ਕੌਰ
ਸੁਪਰਡੰਟ

ਪਿੱਠ ਅੰਕਣ ਨੰ:7/19/2018-4ਐਫ.ਪੀ.1/ 79 ਮਿਤੀ,ਚੰਡੀਗੜ੍ਹ: ੨0-04-੨0੨੧

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਸਟੇਟ ਇੰਨਫਰਮੇਸ਼ਨ ਅਫਸਰ, ਐਨ.ਆਈ.ਸੀ., ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

ਨਰਿੰਦਰ ਕੌਰ
ਸੁਪਰਡੰਟ